2019

***This question paper contains 3 printed pages.***

*Your Roll No.* ..............................

*Sl. No. of Ques. Paper:* **2575** **HC**

*Unique Paper Code* : **72122801**

*Name of Paper* : **AECC - Punjabi A (Advance Level)**

*Name of Course* : **B.A. /B.Com./B.Sc. CBCS**

*Semester* : **I**

*Duration* : **3 hours**

*Maximum Marks* : **75**

*(Write your Roll No. on the top immediately on receipt of this question paper.)*

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦੀ ਆਲੋਚਨਾ ਕਰੋ :
   i. ਟੁਕੜੀ ਜਗ ਤੋਂ ਨਿਯਾਰੀ
   ii. ਜਾਂਗਲੀ ਛੋਹਰ
   iii. ਲੂਣਾ
   iv. ਜਾਲੇ 15

2. ਹੇਠਾਂ ਦਿਤੀਆਂ ਕਾਵਿ-ਟੂਕਾਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :
   i. ਚਮਤਕਾਰੀ ਨੇ ਆਪਣਾ ਸੀਸ
   ਇਉਂ ਸਹਿਜੇ ਟਿਕਾਇਆ ਸੀ ਤੇਰੇ ਚਰਨੀਂ
   ਜਿਵੇਂ ਅੰਬਰ ਦੇ ਪੈਰੀਂ
   ਨਿਤ ਸਵੇਰਾ ਆਪਣਾ ਸੂਰਜ ਬਾਲ ਧਰਦਾ ਹੈ
   ਤ੍ਰਭਕ ਕੇ ਉਠੀ ਸੀ ਮੇਰੀ ਜਾਨ
   ਮੁੜ ਕੇ ਵਿਰਲ 'ਚੋਂ ਡੁੱਲ੍ਹ ਜਾਣ ਲਈ
   ਕੀਲ ਵਿਚ ਬੱਝਾ ਮੇਲਾ
   ਰੱਤਾ ਕੁ ਹਿੱਲ ਕੇ ਥਿਰ ਹੋ ਗਿਆ

   ਜਾਂ

P. T. O.

ii. ਰਾਤਾਂ ਦੇ ਰੁੱਖਾਂ ਦਾ ਹਨੇਰਾ ਸੀ
ਜੋ ਤੇਰੀ ਤੇ ਮੇਰੀ ਪੁਸ਼ਾਕ ਸੀ
ਇਕ ਸੂਰਜ ਦੀ ਕਿਰਨ ਆਈ ਸੀ
ਉਹ ਦੋਹਾਂ ਦੇ ਬਦਨ 'ਚੋਂ ਲੰਘੀ
ਤੇ ਪਰ੍ਹਾਂ ਪੱਥਰ ਦੇ ਉਤੇ ਉਕਰੀ ਗਈ
ਸਿਰਫ ਅੰਗਾਂ ਦੀ ਗੁਲਾਮੀ ਸੀ, ਚਾਨਣ ਦੀਆਂ ਨੋਕਾਂ
ਇਹ ਦੁਨੀਆ ਦਾ ਆਦਿ ਚਿਤਰ ਸੀ,
ਪਤਿਆਂ ਨੇ ਹਰਾ ਰੰਗ ਭਰਿਆ
ਬਦਲਾਂ ਨੇ ਦੂਧੀਆ, ਅੰਬਰ ਨੇ ਸਲੇਟੀ
ਤੇ ਫੁੱਲਾਂ ਨੇ ਲਾਲ, ਪੀਲਾ, ਕਾਸ਼ਨੀ।
ਚਿਤਰਾਂ ਦੀ ਕਲਾ ਤਾਂ ਬਹੁਤ ਪਿਛੋਂ ਦੀ ਗਲ ਹੈ... 10

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਬਾਰੇ ਪੈਰ੍ਹਾ ਰਚਨਾ ਕਰੋ :
   i) ਔਰਤ ਦੀ ਆਜ਼ਾਦੀ
   ii) ਧਰਮ ਅਤੇ ਰਾਜਨੀਤੀ
   iii) ਮੋਬਾਈਲ ਅਤੇ ਕੰਪਿਊਟਰ
   iv) ਵੱਧਦੀ ਟ੍ਰੈਫਿਕ ਸਮੱਸਿਆ 10

4. 'ਇਮਾਰਤ ਨੂੰ ਲਗੀ ਅੱਗ' ਜਾਂ 'ਅੰਤਰਰਾਸ਼ਟਰੀ ਪੁਸਤਕ ਮੇਲਾ' ਬਾਰੇ ਰਿਪੋਰਟ ਲਿਖੋ। 10

5. ਅਲੰਕਾਰ ਤੋਂ ਕੀ ਭਾਵ ਹੈ ? ਇਸ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਉ। 10

6. ਸ਼ਬਦ ਜੋੜਾਂ ਦੇ ਕੋਈ **ਪੰਜ** ਨੇਮ ਲਿਖੋ। 10

ਜਾਂ

ਹੇਠ ਲਿਖੇ ਸ਼ਬਦਾਂ ਦੇ ਸ਼ਬਦ-ਜੋੜ ਸ਼ੁੱਧ ਕਰ ਕੇ ਲਿਖੋ :
ਪਹੁਚਨਾ, ਚੈਤਨਾ, ਪਰਵਰਤਣ, ਸੰਕੱਲਪ, ਅੰਬਰਸ੍ਰ,
ਈਤਿਹਾਸ, ਹਕੀਕਿਤ, ਆਸਮਾਨੀ, ਸ੍ਰਾਬਕ, ਸੁਨਦਰ

7. ਸਧਾਰਣ-ਵਾਕਾਂ ਨੂੰ ਸੰਜੁਕਤ-ਵਾਕਾਂ ਵਿਚ ਬਦਲੋ :
   ੳ) ਮੋਹਨ ਰੋਟੀ ਖਾਂਦਾ ਹੈ।
   ਸ਼ਾਮ ਪੜ੍ਹਦਾ ਹੈ।
   ਅ) ਪੰਮੀ ਰੋਟੀ ਖਾਂਦੀ ਹੈ।
   ਰੰਮੀ ਚਾਹ ਪੀਂਦਾ ਹੈ।

ੲ) ਮੋਹਨ ਤੇਜ਼ ਤੁਰ ਰਿਹਾ ਹੈ।
ਉਹ ਸਮੇਂ ਸਿਰ ਨਹੀਂ ਪਹੁੰਚ ਸਕਿਆ।

ਸ) ਤੁਸੀਂ ਅੱਜ ਆ ਜਾਓ।
ਤੁਸੀਂ ਕੱਲ੍ਹ ਆ ਜਾਓ।

ਹ) ਅੱਜ ਅਸੀਂ ਦਿੱਲੀ ਜਾਣਾ ਸੀ।
ਬੱਸਾਂ ਦੀ ਹੜਤਾਲ ਕਾਰਨ ਨਹੀਂ ਜਾ ਸਕੇ। 10